**Paper Political Science**
**Class + 1**
**Ist Term**

**Time: 3 hours** **Marks.80**

## Section A

i) Political Science ਸ਼ਬਦ ਕਿਸ ਸ਼ਬਦ ਤੋਂ ਨਿਕਲਿਆ ਹੈ?
a) State ਤੋਂ b) Right ਤੋਂ c) Politics ਤੋਂ d) Freedom ਤੋਂ

ii) ਹੇਠ ਲਿਖਿਆਂ ਵਿਚੋਂ ਕਿਹੜਾ ਰਾਜਕ੍ਰਿਤ ਨਾਗਰਿਕਤਾ ਪ੍ਰਾਪਤ ਕਰਨ ਦਾ ਸਾਧਕ ਹੈ?
a) ਵਿਆਹ b) ਸਰਕਾਰ ਨੌਕਰੀ c) ਲੰਬਾ ਨਿਵਾਸ d) ਉਪਰ ਦੱਸੇ ਸਾਰੇ

iii) ਕੁਦਰਤੀ ਅਧਿਕਾਰਾਂ ਦਾ ਸਮਰਥਕ ਕਿਸਨੇ ਕੀਤਾ-
a) ਅਰਸਤੂ ਨੇ b) ਕਾਰਲ ਮਾਰਕਸ ਨੇ c) ਲਾਕ ਨੇ d) ਗ੍ਰੀਕ ਨੇ

iv) Justice ਸ਼ਬਦ ਕਿਸ ਭਾਸ਼ਾ ਵਿਚੋਂ ਨਿਕਲਿਆ ਹੈ?
a) ਯੂਨਾਨੀ b) ਲਤੀਨੀ c) ਜਰਮਨ d) ਅਰਬੀ

v)ਭਾਰਤੀ ਸੰਵਿਧਾਨ ਵਿਚ ਕਿੰਨੇ ਅਨੁਛੇਦ ਹਨ?
a) 395 b) 370 c) 215 d) 335

vi) ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਆਰੰਭ ਹੁੰਦਾ ਹੈ-
a) ਭਾਰਤ ਤੇ ਲੋਕ b) ਭਾਰਤ ਨੂੰ ਸੰਪੂਰਨ
c) ਅਸੀਂ ਭਾਰਤ ਦੇ ਲੋਕ d) ਭਾਰਤ ਇਕ ਸਮਾਜ਼ਵਾਦੀ

vii) ਰਾਜਨੀਤੀ ਸਾਸ਼ਤਰ ਦਾ ਪਿਤਾ ਕਿਸਨੂੰ ਮੰਨਿਆ ਜਾਂਦਾ ਹੈ?

viii) ਲਾ (Law) ਸ਼ਬਦ ਕਿਸ ਭਾਸ਼ਾ ਵਿਚੋਂ ਮੰਨਿਆ ਜਾਂਦਾ ਹੈ?

ix) ਸੰਵਿਧਾਨ ਦੇ ਕਿਸ ਭਾਗ ਵਿੱਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਤਾਂ ਦਾ ਵਰਨਣ ਕੀਤਾ ਗਿਆ ਹੈ?

x) ਭਾਰਤੀ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ?

xi) ਰਿਬਲਿਕ ਪੁਸਤਕ ਦਾ ਲੇਖਕ _______ ਹੈ।

xii) ਕਾਨੂੰਨ ਦੀ ਉਲੰਘਣ ਕਰਨ ਵਾਲੇ ਨੂੰ _______ ਦਿੱਤੀ ਜਾਂਦੀ ਹੈ।

xiii) ਰਾਜ ਦੇ _______ ਜ਼ਰੂਰੀ ਤੱਤ ਹਨ।

xiv) Jus ਦਾ ਅਰਥ ਹੈ - ਬੰਧਨ । (ਠੀਕ/ਗਲਤ)

xv) ਨਾਗਰਿਕ ਕਰਤਵਾਂ ਦਾ ਪਾਲਣ ਨਹੀਂ ਕਰਦੇ (ਠੀਕ/ਗਲਤ)

xvi) ਭਾਰਤ ਦੇ ਸੰਵਿਧਾਨ ਦਾ ਮੂਲ ਦਰਸ਼ਨ ਪ੍ਰਸਤਾਵਨਾਂ ਵਿੱਚ ਸਮੋਇਆ ਹੈ। (ਠੀਕ/ਗਲਤ)

2x16=32

## Section B

**ਕੋਈ ਪੰਜ ਪ੍ਰਸ਼ਨ ਕਰੋ:**

1) ਰਾਜਨੀਤੀ ਸ਼ਾਸ਼ਤਰ ਦੇ ਖੇਤਰ ਦਾ ਵਰਨਣ ਕਰੋ।
2) ਨਾਗਰਿਕ ਅਤੇ ਵਿਦੇਸ਼ੀ ਵਿੱਚ ਚਾਰ ਅੰਤਰ ਦੱਸੋ।
3) ਰਾਜਨੀਤੀ ਸ਼ਾਸ਼ਤਰ ਅਤੇ ਇਤਿਹਾਸ ਵਿੱਚ ਅੰਤਰ ਲਿਖੋ।
4) ਨਾਗਰਿਕਾਂ ਦੇ ਚਾਰ ਰਾਜਨੀਤਿਕ ਅਧਿਕਾਰ ਲਿਖੋ।
5) ਇਕ ਆਦਰਸ਼ ਕਾਨੂੰਨ ਦੇ ਕੋਈ ਚਾਰ ਗੁਣ ਲਿਖੋ।
6) ਭਾਰਤੀ ਸੰਵਿਧਾਨ ਦੀਆਂ ਚਾਰ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।
7) ਭਾਰਤ ਇਕ ਧਰਮ ਨਿਰਪੱਖ ਰਾਜ ਹੈ। ਕਿਵੇਂ?
8) ਨਿਰਦੇਸ਼ਕ ਦੀ ਆਲੋਚਨਾ ਦੇ ਕੋਈ ਚਾਰ ਅਧਾਰ ਦੱਸੋ? 4x5=20

## Section C

**ਕੋਈ ਪੰਜ ਪ੍ਰਸ਼ਨ ਕਰੋ:**

i) ਰਾਜਨੀਤੀ ਸ਼ਾਸ਼ਤਰ ਦੀ ਪਰਿਭਾਸ਼ਾ ਦਿਓ ਅਤੇ ਇਸ ਦੇ ਮਹੱਤਵ ਦਾ ਵਰਨਣ ਕਰੋ।

ਜਾਂ

ਰਾਜਨੀਤੀ ਸ਼ਾਸ਼ਤਰ ਦਾ ਇਤਿਹਾਸ ਨਾਲ ਸਬੰਧ ਦਾ ਵਰਨਣ ਕਰੋ।

ii) ਨਾਗਰਿਕਤਾ ਦੇ ਪ੍ਰਾਪਤ ਕਰਨ ਅਤੇ ਖੋਹੇ ਜਾਣ ਦੇ ਢੰਗਾਂ ਦਾ ਵਰਨਣ ਕਰੋ।

ਜਾਂ

ਕਾਨੂੰਨ ਦੇ ਸੋਮਿਆਂ ਦੀ ਵਿਆਖਿਆ ਕਰੋ।

iii) ਭਾਰਤੀ ਸੰਵਿਧਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

ਜਾਂ

ਮੌਲਿਕ ਅਧਿਕਾਰ ਅਤੇ ਨਿਰਦੇਸ਼ਕ ਸਿਧਾਤਾਂ ਵਿੱਚ ਕੀ ਅੰਤਰ ਹੈ। 6x3=18

**Section D**

**ਕੋਈ ਪੰਜ ਪ੍ਰਸ਼ਨ ਕਰੋ:**

ਆਧੁਨਿਕ ਯੁਗ ਲੋਕਤੰਤਰ ਦਾ ਯੁੱਗ ਹੈ। ਸੰਸਾਰ ਦੇ ਬਹੁਤੇ ਦੇਸ਼ਾਂ ਵਿੱਚ ਲੋਕਤੰਤਰ ਨੂੰ ਅਪਣਾਇਆ ਗਿਆ ਹੈ। ਜਿਨ੍ਹਾਂ ਦੇਸ਼ਾਂ ਵਿੱਚ ਲੋਕਤੰਤਰ ਨੂੰ ਅਪਣਾਇਆ ਗਿਆ ਹੈ ਉਸ ਦੇਸ਼ ਵੀ ਇਹੋ ਕਹਿੰਦੇ ਹਨ ਕਿ ਉਹਨਾਂ ਨੇ ਲੋਕਤੰਤਰ ਨੂੰ ਅਪਣਾਇਆ ਹੋਇਆ ਹੈ। ਉਦਾਹਰਨ ਦੇ ਤੌਰ ਤੇ ਚੀਨ ਵਿੱਚ ਸਾਮਵਾਦੀ ਦਲ ਦੀ ਤਾਨਾਸ਼ਾਹੀ ਹੈ, ਪਰ ਚੀਨ ਦੇ ਸੰਵਿਧਾਨ ਅੰਦਰ ਉੱਥੇ ਲੋਕਤੰਤਰ ਹੈ। ਲੋਕਤੰਤਰ ਦਾ ਅਰਥ ਹੈ ਉਹ ਸ਼ਾਸਨ ਪ੍ਰਣਾਲੀ, ਜਿਸ ਵਿੱਚ ਰਾਜ ਦੀ ਸੱਤਾ ਪਰਜਾ, ਭਾਵ ਜਨਤਾ ਦੇ ਹੱਥ ਵਿੱਚ ਹੋਵੇ। ਅਰਸਤੂ ਨੇ ਇਸ ਨੂੰ ਬਹੁਤੰਤਰ ਜਾਂ ਜਨਤੰਤਰ (Polity) ਕਿਹਾ ਹੈ ਅਤੇ ਇਸ ਨੂੰ ਵੀ ਸਰਵ-ਉੱਤਮ ਸ਼ਾਸਨ ਦੱਸਿਆ ਹੈ। ਇਹ ਗ੍ਰੀਕ ਭਾਸ਼ਾ ਦੇ ਦੋ ਸ਼ਬਦ ਡਿਮੋਸ (Demos) ਅਤੇ ਡਟੀਆ (Cratia) ਤੋਂ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਹੈ 'ਲੋਕ' ਅਤੇ ਡੇਟੀਆ ਦਾ ਅਰਥ ਹੈ 'ਸ਼ਕਤੀ ਜਾਂ ਸੱਤਾ'। ਇਸ ਲਈ ਡੈਮੋਕਰੇਸੀ ਦਾ ਸ਼ਾਬਦਿਕ ਅਰਥ ਉਹ ਸ਼ਾਸਨ ਹੈ, ਜਿਸ ਵਿੱਚ ਸ਼ਕਤੀ ਜਾਂ ਸੱਤਾ ਲੋਕਾਂ ਦੇ ਹੱਥਾਂ ਵਿੱਚ ਹੋਵੇ ਦੂਜੇ ਸ਼ਬਦਾਂ ਵਿੱਚ ਲੋਕਤੰਤਰ ਸਰਕਾਰ ਦਾ ਅਰਥ ਹੈ ਜਨਤਾ ਦਾ ਸ਼ਾਸਨ।

**ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ਪੈਰੇ ਦੇ ਅਧਾਰ ਤੇ ਦਿਓ-**

i) ਚੀਨ ਵਿੱਚ ਕਿਸ ਦਲ ਦੀ ਤਾਨਾਸ਼ਾਹੀ ਹੈ?

ii) ਲੋਕਤੰਤਰ ਦਾ ਕੀ ਅਰਥ ਹੈ?

iii) ਡਿਮੋਸ ਦਾ ਕੀ ਅਰਥ ਹੈ?

iv) ਲੋਕਤੰਤਰ ਸਰਕਾਰ ਦਾ ਅਰਥ ਹੈ ______ ਦਾ ਸ਼ਾਸ਼ਨ।

v) ਅਰਸਤੂ ਨੇ ਲੋਕਤੰਤਰ ਨੂੰ ਬਰੁਤੰਤਰ ਜਾਂ ਜਨਤੰਤਰ ਕਿਹਾ ਹੈ। (ਠੀਕ/ਗਲਤ)

2x5=10

ਮਰਿਦੁਲਾ
ਲੈਕ. ਪੋਲਿਟਿਕਲ ਸਾਇੰਸ
ਸ.ਸ.ਸ. .ਖੁਸ਼ਹਾਲ ਸਿੰਘ ਵਾਲਾ, ਫਿਰੋਜ਼ਪੁਰ